**Exam. Code : 105403**
**Subject Code : 1377**

**Bachelor in Business Administration (BBA) 3rd Semester**
**(Batch 2020-23)**

**PUNJABI COMPULSORY**

**Paper : BBA-302 (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—I**

1. ਸਾਕਾ ਸ੍ਰੀ ਨਨਕਾਣਾ ਸਾਹਿਬ ਲੇਖ ਦਾ ਸਾਰ ਲਿਖੋ।
2. ਮੇਰੇ ਦਾਦੀ ਜੀ ਲੇਖ ਦੇ ਕਲਾ ਪੱਖ ਸੰਬੰਧੀ ਵਿਚਾਰ ਦਿਓ।

**ਭਾਗ—II**

3. ਅੰਨ੍ਹੇ ਨਿਸ਼ਾਨਚੀ ਇਕਾਂਗੀ ਦੇ ਪਾਤਰ ਚਿਤਰਨ ਸੰਬੰਧੀ ਚਾਨਣਾ ਪਾਓ।
4. ਮਿੱਟੀ ਦਾ ਬਾਵਾ ਇਕਾਂਗੀ ਦੇ ਵਿਸ਼ਾ ਪੱਖ ਸੰਬੰਧੀ ਲਿਖੋ।

**ਭਾਗ—III**

5. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰਕੇ, ਢੁੱਕਵਾਂ ਸਿਰਲੇਖ ਲਿਖੋ :

ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਦੀ ਮੁੱਢਲੀ ਵਿਸ਼ੇਸ਼ਤਾ ਕੇਵਲ ਸ਼ੁਕਰਚਕੀਆ ਮਿਸਲ ਦੀ ਸਰਦਾਰੀ ਹੀ ਨਹੀਂ ਸਗੋਂ ਉਹਨਾਂ ਸਮੁੱਚੇ ਲੋਕਾਂ ਦੀ ਭਲਾਈ ਸੀ ਜਿਨ੍ਹਾਂ ਤੇ ਉਹ ਰਾਜ ਕਰਦਾ



ਸੀ। ਸਰਬੱਤ ਦੇ ਪ੍ਰਤੀ ਆਪਣੇ ਹਮਦਰਦੀ ਭਰੇ ਵਰਤਾਉ ਨਾਲ ਇਸ ਦਿਆਲੂ ਤੇ ਸੋਝੀਵਾਨ ਰਾਜੇ ਨੇ ਸਭ ਕੌਮਾਂ, ਧਰਮਾਂ ਤੇ ਲੋਕਾਂ ਨੂੰ ਇੱਕਮੁੱਠ ਕੀਤਾ ਤੇ ਉਹਨਾਂ ਵਿੱਚ ਪੰਜਾਬੀ ਹੋਣ ਦੀ ਭਾਵਨਾ ਉਜਾਗਰ ਕੀਤੀ। ਪਨਪਦੇ ਪੰਜਾਬ ਦਾ ਪ੍ਰਤੀਨਿਧ ਹੋਣ ਦੇ ਕਾਰਨ ਸਭ ਲੋਕ ਮਹਾਰਾਜਾ ਰਣਜੀਤ ਸਿੰਘ ਨੂੰ ਪਿਆਰ ਕਰਦੇ ਸਨ ਅਤੇ ਸਤਿਕਾਰ ਵਜੋਂ ਆਪਣਾ ਸਿਰ ਝੁਕਾਂਦੇ ਸਨ। ਚਾਲੀ ਸਾਲ ਰਾਜ ਵਿੱਚ ਉਸ ਦੀ ਸ਼ਾਨ-ਸ਼ੌਕਤ ਅਤੇ ਸ਼ਾਸਨ-ਸ਼ਕਤੀ ਵੱਧ ਕੇ ਸਿਖਰਾਂ ਨੂੰ ਛੋਹ ਗਈ।

6. ਨਿਮਨ ਪੈਰ੍ਹੇ ਵਿੱਚੋਂ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰੋ :

ਪਰੌਣਿਆਂ ਨਾਲ ਆਦਰ, ਸਤਿਕਾਰ, ਪਿਆਰ ਨਾਲ ਸਲੁਕ ਕਰਨਾ, ਪ੍ਰਾਹੁਣਾਚਾਰੀ ਅਖਵਾਉਂਦੀ ਹੈ। ਸਾਡੇ ਘਰ ਰਿਛਤੇਦਾਰ, ਦੋਸਤ-ਮਿਤਰ ਆਉਂਦੇ ਹਨ ਅਤੇ ਅਸੀਂ ਵੀ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ-ਮਿੱਤਰਾਂ ਦੇ ਘਰ ਜਾਂਦੇ ਹਾਂ। ਇਹੀ ਆਉਣਾ ਜਾਣਾ ਇਕ ਦੂਜੇ ਨਾਲ ਸਬੰਧ ਬਨਾਉਂਦੇ ਹਨ। ਇਹ ਸਬੰਧ ਉਹਨੀ ਦੇਰ ਤੱਕ ਨਹੀਂ ਹੋ ਸਕਦੇ ਜਦੋਂ ਤੱਕ ਸਾਡੇ ਅੰਦਰ ਪ੍ਰਾਹੁਣਾਚਾਰੀ ਦਾ ਮਾਦਾ ਨਾ ਹੋਵੇ।

**ਭਾਗ—IV**

7. ਭਾਵੰਸ਼ ਦੀ ਪਰਿਭਾਸ਼ਾ ਦਿੰਦਿਆਂ ਇਸ ਦੀ ਬਣਤਰ ਤੇ ਕਿਸਮਾਂ ਬਾਰੇ ਉਦਾਹਰਨ ਸਹਿਤ ਦੱਸੋ।
8. ਵਾਕ ਨੂੰ ਪਰਿਭਾਸ਼ਤ ਕਰਦਿਆਂ ਇਸ ਦੀ ਵਰਗ ਵੰਡ ਕਰੋ।